ਡਾ. ਅਨੋਖ ਸਿੰਘ, ਬਠਿੰਡਾ

# "ਹਰ ਸ਼ਾਖ ਪੇ ਉਲੂ ਬੈਠਾ ਹੈ, ਅੰਜਾਮੇ ਗੁਲਿਸਤਾਂ ਕਿਆ ਹੋਗਾ"

**ਕਿਤਨਾ** ਬਦਕਿਸਮਤ ਹੋਵੇਗਾ ਉਹ ਮਨੁੱਖ ਜਿਸਨੂੰ ਆਪਣੇ ਬਾਪ ਉਪਰ ਵੀ ਵਿਸ਼ਵਾਸ਼ ਨਾ ਹੋਵੇ। ਬਾਪ ਦੀ ਕਰਨੀ ਉਪਰ, ਕਿਰਤ ਉਪਰ, ਸਿਧਾਂਤ ਉਪਰ, ਜੀਵਨ ਬਿਰਤਾਂਤ ਅਤੇ ਚਿੰਤਨ ਬਾਰੇ ਸ਼ੰਕਾ ਬਣ ਗਈ ਹੋਵੇ, ਕਿ ਇਹ ਕਿਰਤ ਮੇਰੇ ਬਾਪ ਦੀ ਹੈ ਕਿ ਨਹੀਂ "ਜੇ ਹੈ ਤਾਂ ਕੀ ਇਹ ਇਸੇ ਤਰਾਂ ਹੈ ਜਿਸਨੂੰ ਮੈਂ ਵੇਖ, ਸੁਣ ਜਾਂ ਅਨੁਭਵ ਕਰ ਰਿਹਾ ਹਾਂ, ਅਥਵਾ ਉਵੇਂ ਹੈ, ਜਿਵੇਂ ਮੇਰੇ ਵਿਰੋਧੀ ਕਹਿੰਦੇ ਹਨ, ਮੈਥੋਂ ਪਹਿਲਾਂ ਮੇਰੇ ਵੱਡਿਆਂ ਭਰਾਵਾਂ ਨੇ ਜੋ ਪਿਤਾ ਜੀ ਦੀ ਗੱਲ ਨੂੰ ਸਹੀ ਸਮਝਿਆ, ਮੰਨਿਆ, ਕਮਾਇਆ, ਓਸ ਉਪਰ ਖੋਜ ਭਰਪੂਰ ਲੇਖ ਲਿਖੇ, ਚਿੰਤਨ, ਮੰਥਨ ਜਾਂ ਅਨੁਸਰਣ ਕੀਤਾ, ਅਤੇ ਉਸਦੇ ਮੁਤਾਬਿਕ ਉਹਨਾਂ ਨੇ ਸੱਤ ਸਾਧਨਾ ਕੀਤੀ ਪਰਮ ਤੱਤ ਨੂੰ ਜਾਣਿਆ ਖੋਜਿਆ, ਪਹਿਚਾਣਿਆ ਤੇ ਪਰਚਾਰਿਆ ''ਅਣਗਿਣਤ ਪ੍ਰਾਣੀਆਂ ਨੂੰ ਉਸ ਪਾਵਨ ਪੰਥ ਦੇ ਪੰਥੀ ਬਣਾਇਆ" ਕੀ ਉਹ ਮੈਥੋਂ ਵਡੀ ਉਮਰ ਵਾਲੇ ਵੱਧ ਤਜ਼ਰਬੇ ਕਾਰ, ਅਤਿਅੰਤ ਜਪ, ਤਪ, ਬੱਲ ਅਤੇ ਗੁਣਾਂ ਦੇ ਸਾਗਰ ਮਹਾਂਪੁਰਖ ਗਲਤ ਸਨ? ਉਹਨਾਂ ਦੀ ਸੋਚ ਧਾਰਨਾਂ ਤੇ ਕਰਨੀ ਉਪਰ ਮੈਨੂੰ ਯਕੀਨ ਕਰਨਾ ਚਾਹੀਦਾ ਹੈ ਕਿ ਨਹੀਂ? ਇਸਤੋਂ ਇਲਾਵਾ ਜੇ ਹੋਰ ਮਤਾਂ ਮਤਾਂਤਰਾ ਦੇ ਦੇਸੀ-ਵਿਦੇਸ਼ੀ ਵਿਦਵਾਨਾਂ ਨੇ ਵੀ ਮੇਰੇ ਪਿਤਾ ਦੀ ਕਥਨੀ ਕਰਨੀ ਬਾਰੇ ਬਿਨਾਂ ਕਿਸੇ ਸ਼ੰਕਾਂ ਤੋਂ ਉਹਨਾਂ ਦੀਆਂ ਕਿਰਤਾਂ ਉਪਰ ਟੀਕੇ, ਪਾਦ ਟਿਪਣੀਆਂ, ਤੇ ਵਡੇ ਵਡੇ ਭਾਸ਼ ਵਿਖਿਆਨ ਲਿਖੇ ਹੋਣ ਤਾਂ ਵੀ ਮੈਨੂੰ ਸੰਦੇਹ ਦੀ ਗੁੰਜਾਇੰਸ਼ ਰਖਣੀ ਚਾਹੀਦੀ ਹੈ ਜਾਂ ਨਹੀਂ ਇਸ ਪ੍ਰਕਾਰ ਦੀ ਸੋਚਣੀ, ਲੇਖਣੀ ਵਾਲੇ ਇਨਸਾਨ ਨੂੰ ਜੇ, ਮੰਦਭਾਗਾ ਮਨਮੁਖ, ਮੁਗਧ, ਮੂਰਖ, ਅਨਜਾਣ, ਅਕ੍ਰਿਤਘਣ, ਅਗਿਆਨੀ, ਪੰਥ ਦੋਖੀ ਕੌਮ ਘਾਤਕ ਨਾ ਆਖੀਏ ਤਾਂ ਹੋਰ ਕੀ ਆਖੀਏ।



ਇਹ ਪੰਕਤੀਆਂ ਦਾਸ ਨੇ ਉਹਨਾਂ ਸਜਣਾਂ ਲਈ ਅਰਜ਼ ਕੀਤੀਆਂ ਹਨ, ਜੋ ਆਪਣੇ ਆਪ ਨੂੰ ਆਧੁਨਿਕ ਯੁਗ ਦੇ ਲੇਖਕ, ਗਵੇਸ਼ਕ, ਖੋਜੀ, ਸਕਾਲਰ, ਫਿਲਾਸਫਰ, ਪ੍ਰੋਫੈਸਰ, ਡਾਕਟਰ, ਜਰਨਲਿਸਟ ਆਲੋਚਕ, ਸੁਧਾਰਕ, ਸੰਸ਼ੋਧਕ, ਸੰਪਾਦਕ ਆਦਿਕ ਪਤਾ ਨਹੀਂ ਹੋਰ ਕੀ-ਕੀ ਆਖਦੇ ਹਨ। ਪਰ ਮੇਰੀ ਜਾਚੇ ਉਹ ਕਿਸੇ ਗਲਤ ਧਾਰਨਾ ਦੇ ਸ਼ਿਕਾਰ ਲਾਈ ਲੱਗ ਲੋਕ ਹਨ। ਜਾਂ ਤਾਂ ਉਹ ਕਿਸੇ ਲੋਭ ਲਾਲਚ, ਸਵਾਰਥ ਵਸ ਅਜਿਹਾ ਕਰਦੇ ਹਨ, ਜਾਂ ਉਹਨਾਂ ਨੂੰ ਆਪਣੇ ਸਰਵੱਗ ਹੋਣ ਦਾ ਵੱਡਾ ਭਰਮ ਹੈ, ਜਾਂ ਫਿਰ ਉਹ ਵਿਤੰਡਾਵਾਦ ਉਪਰ ਵਿਸ਼ਵਾਸ਼ ਕਰਨ ਵਾਲੇ ਭੱਦਰ ਪੁਰਸ਼ ਹਨ, ਜਿਹੜੇ ***ਸ੍ਰੀ ਗੁਰੂ ਗ੍ਰੰਥ ਸਾਹਿਬ*** ਵਰਗੇ ਮੰਤਰ-ਆਤਮਕ ਗਿਆਨ ਦੇ ਮਹਾਂਸਾਗਰ ਦੇ ਸਬੰਧ ਵਿਚ ਫਜ਼ੂਲ ਬਕਵਾਸ ਕਰ ਕਰ ਕੇ ਆਪਣਾ ਅਤੇ ਲੁਕਾਈ ਦਾ ਇਕ ਵੱਡਾ ਨੁਕਸਾਨ ਕਰ ਰਹੇ ਹਨ। ਉਹਨਾਂ ਵਿਚੋਂ ਕੁਝ ਕਹਿੰਦੇ ਹਨ ਗੁਰਬਾਣੀ ਵਿਆਕਰਨ ਦੇ ਨਿਯਮਾਂ ਅਨੁਸਾਰ ਹੋਣੀ ਚਾਹੀਦੀ ਹੈ। ਇਸ ਨੂੰ ਸ਼ਾਸਤਰ ਰੰਗ ਵਿਚ ਰੰਗਕੇ ਇਸਦੇ ਅਲੰਕਾਰਾਂ, ਛੰਦਾਂ, ਗੀਤਾਂ, ਰਾਗ ਰਾਗਣੀਆਂ ਨੂੰ ਇਕ ਖਾਸ ਵਿਵਸਥਾ ਵਿਚ ਬੰਨ੍ਹਣਾ ਚਾਹੀਦਾ ਹੈ। ***ਸ੍ਰੀ ਗੁਰੂ ਗ੍ਰੰਥ ਸਾਹਿਬ*** ਨੂੰ ਯਾਸਿਕ, ਮੁਨੀ ਪ੍ਰਣੀਤ ਨਿਰੁਕਤ ਵਰਗੇ ਇਕ ਨਿਰਘੰਟੂ ਗ੍ਰੰਥ ਦੀ ਲੋੜ ਹੈ, ਇਸਦਾ ਇਕ ਅਮਰਕੋਸ਼ ਹੋਣਾ ਚਾਹੀਦਾ ਹੈ। ਦੂਜੀ ਧਿਰ ਆਖਦੀ ਹੈ ਇਸਦੀਆਂ ਸਿਹਾਰੀਆਂ, ਬਿਹਾਰੀਆਂ, ਔਂਕੜ, ਦੁਲੈਂਕੜੇ ਤੇ ਬਿੰਦੀਆਂ, ਟਿਪੀਆਂ ਦਾ ਕ੍ਰਮ ਠੀਕ ਨਹੀਂ, ਉਹ ਦਰੁਸਤ ਹੋਣਾ ਚਾਹੀਦਾ ਹੈ।



ਤੀਜਿਆਂ ਦਾ ਕਥਨ ਹੈ ਕਿ ਪੈਰ ਚਿੰਨ, ਜਾਂ ਕੌਮੇ, ਜ਼ਰੂਰ ਲਗਣੇ ਚਾਹੀਦੇ ਹਨ, ਕਿਉਂਕਿ ਜੇ ਕੋਮੇ ਲਗੇ ਹੋਣ ਤਾਂ ***"ਗੁਰ ਈਸਰੁ ਗੁਰ ਗੋਰਖੁ ਬ੍ਰਹਮਾ ਗੁਰ ਪਾਰਬਤੀ ਮਾਈ"*** ਦਾ ਝਗੜਾ ਹੀ ਮੁਕ ਜਾਵੇ ਕਿ ਪਾਰਬਤੀ ਮਾਤਾ ਹੈ ਜਾਂ ਗੁਰੂ ਹੈ, ਬ੍ਰਹਮਾ ਗੁਰੂ ਹੈ ਕਿ ਕੇਵਲ ਰਚਨਹਾਰ ਹੈ। ਚੌਥੇ ਸਜਣ ਬੋਲਦੇ ਹਨ ਕਿ ਗੁਰਬਾਣੀ ਵਿਚ ਮੰਗਲਾਂ ਦੀ ਮਰਿਯਾਦਾ ਸਹੀ ਨਹੀਂ। ਪੰਜਵੇਂ ਇਸ ਗਿਆਨ ਯੱਗ ਵਿਚ ਹਿੱਸਾ ਪਾਉਂਦੇ ਹਨ ਕਿ ਬਾਣੀ ਵਿਚ ਦੁਹਰਾਓ ਬਹੁਤ ਹੈ, ਜਦੋਂ ਇਕ ਬਾਣੀ-ਸਿਰਲੇਖ ਵਿਚ ਮਹਲਾ ੫ ਲਿਖ ਦਿੱਤਾ ਤਾਂ ਵਾਰ-ਵਾਰ ਮਹਲਾ ੫ ਲਿਖਣ ਦੀ ਕੀ ਲੋੜ ਸੀ। ਜਿਹੜੀ ਗਲ ਇਕ ਵਾਰੀ ਆਖ ਦਿੱਤੀ, ਉਹ ਵਾਰ ਵਾਰ ਨਹੀਂ

ਆਉਣੀ ਚਾਹੀਦੀ। ਇਹ ਲੋਕ ਇਹ ਵੀ ਕਹਿੰਦੇ ਹਨ ਕਿ ਗੁਰਬਾਣੀ ਵਿਚ ਗੁਰੂ ਸਾਹਿਬਾਂ ਦਾ ਤਾਂ ਚਿੰਤਨ ਬਹੁਤ ਘੱਟ ਹੈ। ਉਹਨਾਂ ਨੇ ਤਾਂ ਸਿਰਫ ਭਗਤਾਂ ਦੀ ਬਾਣੀ ਦੀ ਹੀ ਵਿਆਖਿਆ ਕੀਤੀ ਹੈ।

ਕਬੱਡੀ ਦੀ ਬਾਜੀ ਪਾਉਣ ਵਾਲਿਆਂ ਵਾਗੂੰ ਛੇਵੇਂ ਬਾਮਨ ਫੋਬੀਆ-ਦੇ ਮਰੀਜ-ਲੰਗੋਟਾ ਕਸਕੇ ਪੱਟਾਂ ਤੇ ਹੱਥ ਮਾਰਕੇ ਆਉਂਦੇ ਹਨ ਕਿ ***ਸ੍ਰੀ ਗੁਰੂ ਗ੍ਰੰਥ ਸਾਹਿਬ*** ਨੂੰ ਮੂਰਤੀ ਪੂਜਾ ਵਾਂਗੂ ਬੁਤ ਪ੍ਰਸਤੀ ਦੇ ਘੇਰੇ ਵਿਚ ਨਹੀਂ ਰਖਣਾ ਚਾਹੀਦਾ। ਇਸ ਲਈ ਸਰਦੀਆਂ ਵਿਚ ਹੀਟਰ, ਕੰਬਲ, ਗਰਮੀਆਂ ਵਿਚ ਏ. ਸੀ., ਪੱਖਾ ਅਤੇ ਦੁਧ ਚਾਹ ਪ੍ਰਸ਼ਾਦੇ ਭੋਗ ਨਹੀਂ ਲਵੌਣਾ ਚਾਹੀਦਾ। ਇਉਂ ਕਰਨ ਨਾਲ ਸਾਡਾ ਤੇ ਹਿੰਦੂਆਂ ਦਾ ਫੇਰ ਕੀ ਫਰਕ ਰਹਿ ਗਿਆ, ਉਹਨਾਂ ਨੇ ਪੱਥਰ ਪੂਜ ਲਏ ਤੇ ਅਸੀਂ ਗ੍ਰੰਥ ਦੀ ਪੂਜਾ ਕਰ ਲਈ। ਸਤਵੇਂ 'ਮਿਸ਼ਨਰੀ' ਇੰਨਕਲਾਬੀ ਯੋਧੇ ਆਖਦੇ ਹਨ ਕਿ ***ਗੁਰੂ ਗ੍ਰੰਥ ਸਾਹਿਬ*** ਦੀ ਬਾਣੀ ਦਾ ਅਖੰਡਪਾਠ ਸੰਪੁਟ ਪਾਠ ਨਹੀਂ ਕਰਨਾ ਚਾਹੀਦਾ, ਧੂਪ, ਦੀਪ, ਜਾਪ ਸਭ ਮਨਮੱਤ ਹੈ' ***ਵਾਹਿਗੁਰੂ*** ਦਾ ਸਿਮਰਨ ਕਰਨਾ ਐਂਵੇ ਤੋਤਾ ਰਟਨ ਹੈ।



ਲਉ ਜੀ ਆਹ ਅਠਵੇਂ ਇਕ ਨਵੇਂ ਹੀ ਬਿਗੜ ਪੰਥੀਏ ਜੰਮ ਪਏ। ਜੋ ਕਾਲੇ ਅਫਗਾਨੇ ਨੂੰ ਆਪਣਾ ਗੁਰੂ ਮੰਨਦੇ ਹਨ। ਇਹ ਕਹਿੰਦੇ ਹਨ, ਓਏ ਭਲਿਓ ਮਾਨਸੋ! ਓਏ ਬੇਅਕਲੋ, ਓਏ ਮੂਰਖੋ, ਓਏ ਅਗਿਆਨੀਓ, ਓਏ ਪਿਛਾਂਹ ਖਿਚੂਓ, ਪਾਖੰਡੀਓ, ਸਾਧੋ, ਸੰਤੋ, ਮਹੰਤੋਂ, ਪੁਜਾਰੀਓ, ਗ੍ਰੰਥੀਓਂ, ਗਿਆਨੀਓ, ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਵੀਹਵੀਂ ਅਤੇ ਇਕੀਵੀਂ ਸਦੀ ਦੇ ਮਹਾਰਥੀ ਆਲੋਚਕ ਚਿੰਤਕ, ਸੰਪਾਦਕ, ਵਿਆਪਕ ਗਿਆਨ ਦੇ ਸਾਗਰ ਤਾਂ ਅਸੀਂ ਹਾਂ। ਤੁਸੀਂ ਊਲ ਜਲੂਲ ਕਿਉਂ ਬਕੀ ਜਾਂਦੇ ਹੋ? ਗੁਰਬਾਣੀ ਨੂੰ ਸਤਿਕਾਰਾਂ, ਸਨਮਾਨਾਂ, ਦੇ ਘੇਰੇ ਵਿਚੋਂ ਕਢ ਕੇ ਅਖਬਾਰਾਂ, ਰਸਾਲਿਆਂ, ਮੈਗਜ਼ੀਨਾਂ, ਆਡੀਓ, ਵੀਡੀਓ, ਕੈਸਟਾਂ ਰਾਹੀਂ ਪ੍ਰਚਾਰਿਤ ਕਰਨਾ ਚਾਹੀਦਾ ਹੈ। ਇਹ ਕਹਿੰਦੇ ਹਨ- ਅਸੀਂ ਤਾਂ ਏਥੋਂ ਤਕ ਸੁਧਾਰਵਾਦੀ ਸੁਝਾਅ ਦੇਵਾਂਗੇ ਕਿ ਜਿਵੇਂ ਪੰਜ ਤਾਰਾ ਹੋਟਲਾਂ ਦੇ ਟੇਬਲਾਂ ਉਪਰ ***ਬਾਈਬਲ*** ਪਈ ਮਿਲਦੀ ਹੈ, ਇਸੇ ਪ੍ਰਕਾਰ ਗੁਰਬਾਣੀ ਦੇ ਗੁਟਕੇ ਹੋਣੇ ਚਾਹੀਦੇ ਹਨ, ਜਿਸ ਤਰਾਂ ਸਾਰੀ ਰਾਤ, ਹਰ ਪ੍ਰਕਾਰ ਦੇ ਕੁੱਤੇ ਕੰਮ ਕਰਕੇ ਸਾਹਿਬ ਲੋਕ, ਇਕ ਹੱਥ ਵਿਚ ਸਿਗਰਟ ਸੁਲਗਾ ਕੇ ***ਬਾਈਬਲ*** ਦੇ ਪਤਰੇ ਪਲਟਦੇ ਹਨ ਇਸੇ ਤਰਾਂ ਗੁਰਬਾਣੀ ਦੇ ਪਤਰੇ ਪਲਟੇ ਜਾਣੇ ਚਾਹੀਦੇ ਹਨ।

ਠਹਿਰਿਓ ਪਾਠਕ ਜਣੋ, ਰਾਤ ਦੇ ਬਾਰਾਂ ਵਜ ਚੁਕੇ ਹਨ ਮੈਨੂੰ ਨੀਂਦ ਬਹੁਤ ਆ ਰਹੀ ਹੈ ਬਾਕੀ ਦੀ ਕਹਾਣੀ ਸਵੇਰੇ ਉਠ ਕੇ ਲਿਖਾਂਗਾ।

ਅੱਖ ਲਗਦਿਆਂ ਹੀ ਮੈਨੂੰ ਗਿਆਨੀ ਗੁਰਦਿੱਤ ਸਿੰਘ ਨੇ ਆ ਘੇਰਿਆ, ਕਹਿੰਦਾ ਓਏ ਡਾਕਟਰਾ ਤੂੰ ਮੈਨੂੰ ਕਿਵੇਂ ਭੁੱਲ ਗਿਆ ਜਦੋਂ ਤੂੰ ਨੌਵੀਂ ਦਸਵੀਂ 'ਚ ਪੜ੍ਹਦਾ ਸੀ ਮੈਂ ਤੈਨੂੰ ਉਦੋਂ ਤੋਂ ਜਾਣਦਾ ਹਾਂ। ਜੇ ਮੇਰੀ ਘਰ ਵਾਲੀ ਵੀ. ਸੀ. ਨਾ ਹੁੰਦੀ ਤੂੰ ਗਿਆਨੀ ਕਿਥੋਂ ਪਾਸ ਕਰ ਲੈਣੀ ਸੀ? ਹਥ ਲਿਖਤ ਬੀੜਾਂ ਦੀ ਖੋਜ ਵਾਸਤੇ ਰਾਜਸਥਾਨ 'ਚ ਤੈਨੂੰ ਮੈਂ ਆਵਦੇ ਨਾਲ ਲੈਕੇ ਗਿਆ ਤੇ ਤੂੰ ਮੈਨੂੰ ਭੁਲ ਗਿਆ? ***ਰਾਗਮਾਲਾ*** ਦੇ ਰੇੜਕੇ ਨੂੰ ਰਿੜਕਦਿਆਂ ਇਕ "***ਮੁੰਦਾਵਣੀ***" ਨਾਮ ਦੀ ਕਿਤਾਬ ਲਿਖਕੇ ਸਭ ਤੋਂ ਪਹਿਲਾਂ ਤੈਨੂੰ ਭੇਟਾ ਕੀਤੀ। ਤੈਨੂੰ ਤਾਂ ਪਤਾ ਹੀ ਹੈ ਕਿ ਪੁਰੇਵਾਲ ਦਾ ਨਵਾਂ ਕੈਲੰਡਰ ਮੇਰੀ ਸਿਫਾਰਿਸ਼ ਤੇ ਹੀ ਪ੍ਰਵਾਨ ਚੜ੍ਹਿਆ ਹੈ ਜਿਸਨੇ ਗੁਰਪੁਰਬਾਂ, ਸੰਗਰਾਂਦਾਂ, ਆਦਿ ਦੀ ਉਹ ਕੜ੍ਹੀ ਘੋਲੀ ਹੈ ਕਿ ਸਾਰੀ ਸਿੱਖ ਕੌਮ ਇਕੱਠੀ ਹੋਕੇ ਵੀ ਹੰਬਲਾ ਮਾਰੇ ਤਾਂ ਵੀ ਚਾਰ ਯੁਗਾਂ ਤੱਕ ਨਾ ਉਹ ਕੜ੍ਹੀ ਖਾਧੀ ਜਾਣੀ, ਨਾ ਹੀ ਡੋਲ੍ਹੀ ਜਾਣੀ ਹੈ" ਬਸ ਹਰ ਪਰਵ ਦੇ ਦੋ ਦੋ ਹਿਸੇ ਹੋ ਜਾਣਗੇ, ਤੇ ਹੋ ਸਕਦਾ ਹੈ ਕੋਈ ਪਹਿਲਾਂ ਮਨਾਵੇ ਤੇ ਕੋਈ ਬਾਅਦ ਵਿਚ। ਕੁਝ ਧਰਮ ਤੋਂ ਡਰਕੇ ਰਹਿਣ ਵਾਲੇ ਸਜਣ ਦੋਹਾਂ ਨੂੰ ਮਨਾਈ ਜਾਣਗੇ ਤੇ ਹੋ ਸਕਦਾ ਹੈ ਕੁਝ ਕੁਤਰਕੀ ਦੋਹਾਂ ਨੂੰ ਹੀ ਛੱਡ ਜਾਣ, ਤੇ ਤੂੰ ਮੈਨੂੰ ਹੀ ਭੁਲ ਗਿਆ, ਕਲ ਦੀ ਭੂਤਨੀ ਸਿਵਿਆਂ 'ਚ ਅੱਧ, ਕਿਵੇਂ ਕਰ ਮੈਨੂੰ ਤੇਰੇ ਲੇਖ ਵਿਚ ਜ਼ਰੂਰ ਐਡਜਸਟ ਕਰ, ਮੈਂ ਉਹਨਾਂ ਦੀ ਚਰਨੀ ਹਥ ਲਾਇਆ, ਮੁਆਫੀ ਮੰਗੀ ਕਿ ਬਾਬਾ ਜੀ ਤੁਸੀਂ ਤਾਂ ਸਾਡੇ ਭੀਸ਼ਮ ਪਿਤਾਮਾ ਹੋ ਇਹ ਟੁਟਿਆ ਫੁਟਿਆ ਸਾਰਾ ਲੇਖ ਹੀ ਤੁਹਾਨੂੰ ਅਰਪਣ ਹੈ ਤੇ ਗਿਆਨੀ ਜੀ ਖੁਸ਼ ਹੋ ਗਏ।



ਇਤਨੇ ਨੂੰ ਭੂਪ ਸਿੰਘ ਨੇ ਮੈਨੂੰ ਜਗਾਇਆ, ਅਖਬਾਰ ਮੇਰੇ ਮੂਹਰੇ ਕਰਕੇ ਕਹਿੰਦਾ ਬਾਈ ਜੀ ਪੜ੍ਹੋ, ਲਿਖਿਆ ਸੀ, ***ਦਸਮ ਗ੍ਰੰਥ*** ਬਾਰੇ ਸਿੱਖ ਕੌਮ ਦੇ ਮਹਾਨ ਵਿਦਵਾਨਾਂ ਦੇ ਵੀਚਾਰ, ਚੰਡੀਗੜ੍ਹ ਦੇ ਇਕ ਵਿਦਵਾਨ ਨੇ ***ਦਸਮ ਗ੍ਰੰਥ*** ਨੂੰ 'ਕੂੜੇ ਦੀ ਟੋਕਰੀ' ਦਸਿਆ, ਇਕ ਰਾਗੀ ਜਿਹੜਾ ਕਲ ਤਕ ਦਸਮ ਦੀ ਬਾਣੀ ਸੁਣਾ ਸੁਣਾ ਕੇ ਸਿਖ ਨੌਜਵਾਨਾਂ ਨੂੰ ਅਤਿਵਾਦ ਵਲ ਪ੍ਰੇਰਦਾ ਰਿਹਾ ਉਹ ਕਹਿ ਰਿਹਾ ਸੀ, "***ਦਸਮ ਗ੍ਰੰਥ***" ਦੁਸਟ ਬਾਣੀ ਹੈ ਅਤੇ ਤੀਜਾ ਇਕ 'ਪੰਥ ਦੋਖੀ' ਅਖਬਾਰ ਦਾ ਐਡੀਟਰ ਇਸਨੂੰ ਕੰਜਰ ਬਾਣੀ ਦੇ ਨਾਮ ਨਾਲ ਸਨਮਾਨਿਤ ਕਰ ਰਿਹਾ ਸੀ। ਮੈਂ ਅਖਬਾਰ ਪਰਾਂ ਸੁਟਿਆ ਤੇ ਕਿਹਾ ਭੂਪ ਸਿਆਂ ਕੰਜਰਾਂ ਨੂੰ ਕੰਜਰ ਬਾਣੀ ਦਿਖਦੀ ਹੈ ਦੁਸਟਾਂ ਨੂੰ ਦੁਸਟ ਬਾਣੀ ਅਤੇ ਸਿਖ ਕੌਮ ਵਿਚ ਜਿਹੜੇ ਕੂੜੇ ਦੀ ਨਿਆਈਂ ਹਨ ਉਹਨਾਂ ਨੂੰ ***ਦਸਮ ਗ੍ਰੰਥ*** ਕੂੜੇ ਦੀ ਟੋਕਰੀ ਨਜ਼ਰ ਆਉਂਦਾ ਹੈ ਪਰ ਸ਼ਰਧਾਵਾਨ ਸਿਖ ਗੁਰੂ ਕ੍ਰਿਤ ਜਾਣ ਕੇ ਨਮਸਕਾਰ ਕਰਦੇ ਹਨ ਪਰ ਉਸ ਬਾਗ ਦਾ ਕੀ ਬਣੇ ਜਿਸਦੇ ਮਾਲੀ ਚੋਰਾਂ ਨਾਲ ਰਲ ਗਏ ਹੋਣ।